# THE CHANGING PICTURE OF REALIZATION MANAGEMENT IN MODERN TIMES

# ਅਜੋਕੇ ਸਮੇਂ 'ਚ ਸਾਕਾਦਾਰੀ ਪ੍ਰਬੰਧ ਦੀ ਬਦਲ ਰਹੀ ਤਸਵੀਰ

**ਪਰਵਿੰਦਰ ਕੌਰ** (Parvinder Kaur)

**ਭਿਰੜਾਨਾ , ਫਤਿਹਾਬਾਦ (ਹਰਿਆਣਾ)**

Email ID: parvinderkaur18071997@gmail.com **ਮੋਬਾਈਲ**: +91- 7988927744

**ABSTRACT**

*ਸਾਕਾਦਾਰੀ ਪ੍ਰਬੰਧ ਮਨੁੱਖੀ ਸਭਿੱਅਤਾ ਦਾ ਮੁੱਢ ਹੈ, ਜਿਸ ਵਿੱਚ ਦਾਦਕੇ ਅਤੇ ਨਾਨਕੇ ਦੋ ਮੁੱਖ ਧਿਰਾਂ ਸ਼ਾਮਿਲ ਹੁੰਦੀਆ ਹਨ ਜਿਵੇਂ :- ਚਾਚੇ, ਤਾਏ, ਮਾਮੇ, ਮਾਸੀਆਂ ਆਦਿ। ਪਹਿਲਾਂ ਸਮੇਂ 'ਚ ਸਾਂਝੇ ਪਰਿਵਾਰ ਹੋਣ ਕਰਕੇ ਲੋਕਾਂ ਵਿੱਚ ਆਪਣੇ ਸਾਕੇਦਾਰਾ ਪ੍ਰਤੀ ਆਦਰ ਤੇ ਸਤਿਕਾਰ ਦੀ ਭਾਵਨਾ ਵਿਦਮਾਨ ਹੁੰਦੀ ਸੀ। ਲੋਕ ਆਪਸ 'ਚ ਮਿਲ-ਜੁਲ ਕੇ ਰਹਿੰਦੇ ਸਨ। ਉਹਨਾਂ ਵਿੱਚ ਕਿਸੇ ਪ੍ਰਤੀ ਵੈਰ, ਵਿਰੋਧ ਤੇ ਹਉਮੈ ਦੀ ਭਾਵਨਾ ਨਹੀਂ ਸੀ। ਪਰੰਤੂ ਸਮੇਂ ਦੇ ਪਰਿਵਰਤਨ ਨਾਲ ਸਾਕਾਦਾਰੀ ਪ੍ਰਬੰਧ ਤੇ ਸਾਂਝੇ ਪਰਿਵਾਰ ਵਿੱਚ ਬਹੁਤ ਤਬਦੀਲੀਆਂ ਆਈਆ ਹਨ। ਸਾਂਝੇ ਪਰਿਵਾਰਾਂ ਦੀ ਥਾਂ ਇਕੱਲ ਪਰਿਵਾਰ ਨੇ ਲੈ ਲਈ ਹੈ ਤੇ ਸਾਕਾਦਾਰੀ ਪ੍ਰਬੰਧ ਵਿੱਚ ਰਿਸ਼ਤਿਆਂ ਨੂੰ ਉਹ ਅਹਿਮੀਅਤ ਨਹੀ ਦਿੱਤੀ ਜਾਂਦੀ ਜੋ ਪਹਿਲਾਂ ਸਮੇਂ 'ਚ ਦਿੱਤੀ ਜਾਂਦੀ ਸੀ। ਸਾਕਾਦਾਰੀ ਪ੍ਰਬੰਧ 'ਚ ਆਏ ਇਸ ਨਿਘਾਰ ਦੇ ਮੁੱਖ ਕਾਰਨਾਂ ਦੇ ਮੁੱਖ ਕਾਰਨਾਂ ਵਿੱਚ ਵਿਅਕਤੀ ਦਾ ਸਵਾਰਥੀ ਹੋਣਾ, ਪੈਸਿਆਂ ਦਾ ਪੁਜਾਰੀ ਹੋਣਾ, ਜਮੀਨਾਂ ਦੇ ਝਗੜੇ, ਆਪਸੀ ਘਰੇਲੂ ਝਗੜੇ, ਵਿਦੇਸ਼ਾਂ ਵੱਲ ਜਾਣ ਦਾ ਵੱਧ ਰਿਹਾ ਰੁਝਾਣ ਅਤੇ ਪੱਛਮੀ ਸਭਿੱਅਤਾ ਦਾ ਪ੍ਰਭਾਵ ਮੁੱਖ ਹਨ। ਸਾਕਾਦਾਰੀ ਪ੍ਰਬੰਧ 'ਚ ਆਏ ਇਸ ਬਦਲਾਵ ਕਾਰਨ ਲੋਕਾਂ 'ਚ ਈਰਖਾ, ਪ੍ਰੇਮ-ਭਾਵਨਾ, ਸਹਿਣਸ਼ੀਲਤਾ ਦੇ ਭਾਵਾਂ ਤੇ ਨੈਤਿਕ ਕਦਰਾਂ-ਕੀਮਤਾਂ ਖਤਮ ਹੁੰਦੀਆ ਜਾ ਰਹੀਆ ਹਨ, ਜੋ ਸਾਡੇ ਸਮਾਜ ਤੇ ਸਭਿਆਚਾਰ ਲਈ ਨੁਕਸਾਨਦਾਇਕ ਹਨ। ਇਸਦਾ ਸਭ ਤੋਂ ਵੱਧ ਪ੍ਰਭਾਵ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਤੇ ਦਿਖਾਈ ਦੇ ਰਿਹਾ ਹੈ। ਸਾਕਾਦਾਰੀ ਪ੍ਰਬੰਧ ਦੀ ਇਸ ਤਬਦੀਲੀ ਨੂੰ ਰੋਕਣ ਲਈ ਸਾਨੂੰ ਲੋਕਾਂ 'ਚ ਰਿਸ਼ਤਿਆਂ ਪ੍ਰਤੀ ਪਹਿਲਾਂ ਵਰਗੀ ਮਿਠਾਸ, ਪ੍ਰੇਮ-ਭਾਵਨਾ ਤੇ ਰਿਸ਼ਤਿਆਂ ਪ੍ਰਤੀ ਸਮਝ ਸਥਾਪਿਤ ਕਰਨ ਦੀ ਲੋੜ ਹੈ। ਬੱਚਿਆਂ ਤੇ ਨੌਜਵਾਨਾਂ 'ਚ ਇਹਨਾਂ ਗੁਣਾਂ ਦਾ ਲਾਜ਼ਮੀ ਹੋਣਾ ਚਾਹੀਦਾ ਹੈ।*

***ਕੀਵਰਡ :* ਸਾਕਾਦਾਰੀ ਪ੍ਰਬੰਧ, ਪਰਿਵਾਰ, ਸਾਂਝੇ-ਪਰਿਵਾਰ, ਇਕੱਲ-ਪਰਿਵਾਰ, ਸਮਾਜਿਕ ਨਿਯਮ।**

ਮਨੁੱਖ ਨੇ ਆਪਣੀ ਬੁੱਧੀ ਤੋਂ ਤਰਕਸ਼ਕਤੀ ਕਰਕੇ ਇਸ ਸੰਸਾਰ 'ਚ ਦੂਜੇ ਜੀਵ ਜੰਤੂਆਂ ਨਾਲੋਂ ਉੱਚਤਮ ਸਥਾਨ ਪ੍ਰਾਪਤ ਕੀਤਾ ਹੈ। ਇਹ ਇੱਕ ਸਮਾਜਿਕ ਪ੍ਰਾਣੀ ਹੈ। ਜਿਸਨੇ ਜੰਗਲਾਂ ਵਿੱਚੋਂ ਨਿੱਕਲ ਕੇ ਸਮਾਜ ਦੀ ਸਥਾਪਨਾ ਕੀਤੀ। ਮਨੁੱਖ ਨੂੰ ਆਪਣਿਆਂ ਲੋੜਾਂ ਦੀ ਪੂਰਤੀ ਕਰਨ ਲਈ ਸਮਾਜ ਦੇ ਦੂਜੇ ਮਨੁੱਖਾਂ ਨਾਲ ਸੰਬੰਧ ਸਥਾਪਿਤ ਕਰਨੇ ਪੈਂਦੇ ਹਨ, ਜਿਸ ਕਰਕੇ ਸਾਡੇ ਸਮਾਜ ਅੰਦਰ ਸਮਾਜਿਕ ਰਿਸ਼ਤੇ ਹੋਂਦ ਵਿੱਚ ਆਉਂਦੇ ਹਨ। ਪਰ ਜਦੋਂ ਇਹੀ ਸਾਂਝ ਖੂਨੀ ਰਿਸ਼ਤਿਆਂ ਨਾਲ ਹੋਵੇ ਤਾਂ ਇਹ ਰਿਸ਼ਤੇ ਪਰਿਵਾਰਿਕ ਰਿਸ਼ਤੇ ਅਖਵਾਉਂਦੇ ਹਨ। ਇਹੀ ਪਰਿਵਾਰਿਕ ਰਿਸ਼ਤੇ ਹੀ ਸਾਕਾਦਾਰੀ ਪ੍ਰਬੰਧ ਦਾ ਵਿਸਤਾਰ ਕਰਦੇ ਹਨ। ਨਾਨਕੇ ਅਤੇ ਦਾਦਕੇ ਸਾਡੇ ਸਾਕਾਦਾਰੀ ਪ੍ਰਬੰਧ ਦੇ ਅਜਿਹੇ ਦੋ ਬਿੰਦੂ ਹਨ ਜਿਨ੍ਹਾਂ ਦੇ ਆਸਰੇ ਇਸਦਾ ਸਰੂਪ ਸਾਡੇ ਸਾਹਮਣੇ ਸਾਕਾਰ ਹੋ ਕੇ ਆਉਂਦਾ ਹੈ। 'ਨਾਨਕੇ' ਇਸਤਰੀ ਧਿਰ ਨਾਲ ਸੰਬੰਧਤ ਹੁੰਦੇ ਹ ਅਤੇ 'ਦਾਦਕੇ' ਮਰਦ ਧਿਰ ਨਾਲ ਸੰਬੰਧਤ ਹੁੰਦੇ ਹਨ। ਨਾਨਕਿਆਂ ਵਾਲੀ ਧਿਰ ਵਿੱਚ ਨਾਨਾ-ਨਾਨੀ, ਮਾਮਾ-ਮਾਮੀ, ਮਾਸੀ-ਮਾਸੜ ਆਦਿ ਸ਼ਾਮਿਲ ਹੁੰਦੇ ਹਨ ਤੇ ਦਾਦਕਿਆਂ ਵਾਲੀ ਧਿਰ ਵਿੱਚ ਦਾਦਾ-ਦਾਦੀ, ਭੂਆ-ਫੁੱਫੜ ਆਦਿ ਸ਼ਾਮਿਲ ਹੁੰਦੇ ਹਨ। ਇਹ ਸਾਰੇ ਰਿਸ਼ਤੇ ਮਿਲਕੇ ਸਾਕਾਦਾਰੀ ਪ੍ਰਬੰਧ ਦਾ ਨਿਰਮਾਣ ਕਰਦੇ ਹਨ।

*ਮਨੁੱਖ ਮੂਲ ਰੂਪ ਵਿੱਚ ਇੱਕ ਪ੍ਰਕਿਰਤਿਕ ਜੀਵ ਹੈ ਜਿਸ ਅੰਦਰ ਦੂਜੇ ਜੀਵਾਂ ਵਾਂਗ ਕੁਦਰਤੀ ਪ੍ਰਵਿਰਤੀਆਂ ਪਾਈਆ ਜਾਂਦੀਆ ਹਨ। ਪਰ ਇਹਨਾਂ ਪ੍ਰਵਿਰਤੀਆਂ ਜਾ ਇਛਾਵਾਂ ਦੀ ਪੂਰਤੀ ਉਹ ਦੂਜੇ ਜੀਵਾਂ ਵਾਂਗ ਨਹੀਂ ਕਰਦਾ। ਉਹ ਆਪਣੀ ਇਹਨਾਂ ਇਛਾਵਾਂ, ਲਾਲਸਾਵਾਂ ਦੀ ਪੂਰਤੀ ਸਮਾਜਿਕ ਨਿਯਮਾਂ, ਪ੍ਰਤੀਮਾਨਾਂ ਜਾਂ ਸ਼੍ਰਿਸਟਾਚਾਰ ਨਿਯਮਾਂ 'ਚ ਰਹਿ ਕੇ ਹੀ ਕਰਦਾ ਹੈ। ਸਾਕਾਦਾਰੀ ਪ੍ਰਬੰਧ ਵਿੱਚ ਕਾਮ ਖੁੱਲ ਤੇ ਕਾਮ ਸੰਬੰਧਾਂ ਦੀ ਮਨਾਹੀ ਹੁੰਦੀ ਹੈ ਜਿਵੇਂ :- ਜੀਜਾ–ਸਾਲੀ, ਭੈਣ-ਭਰਾ ਅਜਿਹੇ ਰਿਸ਼ਤੇ ਹਨ। ਜਿਨ੍ਹਾਂ 'ਚ ਕਾਮ ਸੰਬੰਧਾਂ ਦੀ ਮਨਾਹੀ ਹੁੰਦੀ ਹੈ। ਸਮਾਜਿਕ ਬਣਤਰ ਵਿੱਚ ਸਾਕਾਦਾਰੀ ਪ੍ਰਬੰਧ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਹਰ ਇੱਕ ਰਿਸ਼ਤੇ ਦਾ ਮਾਨਸਿਕ, ਆਰਥਿਕ, ਲਿੰਗਾਤਮਕ, ਸਮਾਜਿਕ ਜਾਂ ਧਾਰਮਿਕ ਮਹੱਤਵ ਹੁੰਦਾ ਹੈ। ਮਾਂ-ਪਿਉ, ਚਾਚਾ-ਚਾਚੀ,ਤਾਇਆ-ਤਾਈ,ਭੂਆ-ਫੁੱਫੜ ਆਦਿ ਵੱਡੇ ਥੰਮ੍ਹ ਦੇ ਰਿਸ਼ਤੇ ਮੰਨੇ ਜਾਂਦੇ ਹਨ।*[1]

*ਅੱਜ ਤੋ ਕੁੱਝ ਸਮਾਂ ਪਹਿਲਾਂ ਤੱਕ ਇਹਨਾਂ ਰਿਸ਼ਤਿਆਂ ਵਿੱਚ ਅੰਤਾਂ ਦਾ*

*ਨਿੱਘ ਹੁੰਦਾ ਸੀ। ਸਾਂਝੇ ਪਰਿਵਾਰ ਹੁੰਦੇ ਸਨ ਤੇ ਲੋਕ ਆਪਸ ਵਿੱਚ ਮਿਲ-ਜੁਲ ਕੇ ਰਹਿੰਦੇ ਸਨ। ਸਾਂਝੇ ਪਰਿਵਾਰ ਵਿੱਚ ਤਿੰਨ ਪੀੜ੍ਹੀਆਂ ਤੱਕ ਦੇ ਮੈਂਬਰ ਰਹਿੰਦੇ ਸਨ। ਪਰਿਵਾਰ ਦੇ ਸਾਰੇ ਮੈਂਬਰ ਇੱਕ ਦੂਜੇ ਦਾ ਆਦਰ-ਸਤਿਕਾਰ ਕਰਦੇ ਸਨ। ਪ੍ਰਾਚੀਨ ਕਾਲ ਤੋਂ ਹੀ ਸਾਂਝੇ ਟੱਬਰਾਂ ਦਾ ਰਿਵਾਜ ਚੱਲਿਆ ਆ ਰਿਹਾ ਹੈ। ਪਰਿਵਾਰ ਦੇ ਪਾਲਣ-ਪੋਸ਼ਣ ਤੇ ਰਿਸ਼ਤੇ-ਨਾਤਿਆਂ ਦੀ ਜ਼ਿੰਮੇਵਾਰੀ ਕੁਲ ਦੇ ਵਡਿੱਕੇ ਸਿਰ ਹੁੰਦੀ ਸੀ। ਪਰਿਵਾਰ ਦਾ ਕੋਈ ਵੀ ਜੀਅ ਪਰਿਵਾਰ ਦੇ ਵਡਿੱਕੇ ਦੇ ਕਿਸੇ ਫੈਸਲੇ ਉੱਤੇ ਕਿੰਤੂ ਨਹੀ ਕਰ ਸਕਦਾ ਸੀ। ਇੱਥੋਂ ਤੱਕ ਕੇ ਰਿਸ਼ਤੇ ਨਾਤੇ ਵੇਲੇ ਵੀ ਵਡਿੱਕਾ ਆਪਣੇ ਪੁੱਤਰ ਜਾਂ ਧੀ ਦੀ ਮਰਜ਼ੀ ਨਹੀ ਪੁੱਛਦਾ ਸੀ।*[6]

ਵਿਆਹ ਜਾਂ ਹੋਰ ਮੌਕਿਆਂ ਤੇ ਜੇਕਰ ਪੂਰੇ ਪਰਿਵਾਰ ਦੀ ਥਾਂ ਘਰ ਜਾਂ ਮੁਖੀਆ ਜਾਂ ਵਡੀਕ ਇਕੱਲਾ ਹੀ ਚਲਾ ਜਾਂਦਾ ਸੀ ਤਾਂ ਉਸਨੂੰ ਸਾਰੇ ਪਰਿਵਾਰ ਦੇ ਮੈਂਬਰਾਂ ਦੇ ਬਰਾਬਰ ਹੀ ਸਮਝਿਆ ਜਾਦਾ ਸੀ। ਵਡੀਕ ਘਰ ਦੇ ਮੈਂਬਰਾਂ ਨੂੰ ਆਰਥਿਕ ਤੇ ਸਮਾਜਿਕ ਸੁਰੱਖਿਆ ਵੀ ਪ੍ਰਦਾਨ ਕਰਦਾ ਸੀ। ਸਾਂਝੇ ਪਰਿਵਾਰ ਦੇ ਮੈਂਬਰ ਕਿਸੇ ਵੀ ਮੁਸੀਬਤ ਦਾ ਸਾਹਮਣਾ ਮਿਲ ਕੇ ਕਰਦੇ ਸਨ। ਕਿਸੇ ਇੱਕ ਮੈਂਬਰ ਦੀ ਮੁਸ਼ਕਿਲ ਘਰ ਦੇ ਸਾਰੇ ਮੈਂਬਰਾਂ ਦੀ ਮੁਸ਼ਕਿਲ ਬਣ ਜਾਂਦੀ ਸੀ। ਬੱਚਿਆਂ ਤੇ ਵੀ ਸਾਂਝੇ ਪਰਿਵਾਰ ਦਾ ਸਕਾਰਤਮਿਕ ਪ੍ਰਭਾਵ ਪਿਆ ਦਿਖਾਈ ਦਿੰਦਾ ਹੈ। ਪਰਿਵਾਰ ਬੱਚਿਆਂ ਲਈ ਪਹਿਲਾਂ ਸਿੱਖਿਆ ਕੇਂਦਰ ਮੰਨਿਆ ਜਾਦਾ ਹੈ। ਬੱਚਾ ਪਰਿਵਾਰ ਵਿੱਚੋਂ ਜੋ ਕੁੱਝ ਵੀ ਸਿੱਖਦਾ ਹੈ ਉਸਦੀ ਸਖਸ਼ੀਅਤ ਨਿਰਮਾਣ 'ਚ ਆਪਣੀ ਅਹਿਮ ਭੂਮਿਕਾ ਅਦਾ ਕਰਦਾ ਹੈ। ਜੇਕਰ ਬੱਚਾ ਬਚਪਨ ਤੋਂ ਹੀ ਪਰਿਵਾਰ ਵਿੱਚ ਇੱਕ-ਦੂਜੇ ਨਾਲ ਮਿਲ-ਜੁੱਲ ਕੇ ਰਹਿਣ, ਦੂਜਿਆਂ ਦੀਆ ਜਰੂਰਤਾਂ ਨੂੰ ਵੀ ਪ੍ਰਾਥਮਿਕਤਾ ਦੇਣ ਨੂੰ ਸਾਕਾਦਾਰੀ ਰਿਸ਼ਤਿਆਂ ਨੂੰ ਨਿਭਾਉਣਾ ਸਿੱਖਦਾ ਹੈ ਤਾਂ ਉਸਨੂੰ ਅੱਗੇ ਜਾ ਕੇ ਸਮਾਜ ਨਾਲ ਸਮਾਜਿਕ ਸੰਤੁਲਨ ਕਾਇਮ ਕਰਨ 'ਚ ਮੁਸ਼ਕਿਲ ਨਹੀਂ ਆਉਂਦੀ।

ਪਰ ਜਿਵੇਂ-ਜਿਵੇਂ ਸਮੇਂ ਵਿੱਚ ਪਰਿਵਰਤਨ ਆ ਰਿਹਾ ਹੈ ਉਵੇਂ-ਉਵੇਂ ਸਾਡੇ ਪਰਿਵਾਰਕ ਸਰੂਪ ਤੇ ਸਾਕਾਦਾਰੀ ਪ੍ਰਬੰਧੀ ਦਾ ਤਸਵੀਰ 'ਚ ਵੀ ਬਦਲਾਵ ਆ ਰਿਹਾ ਹੈ। ਵਰਤਮਾਨ ਸਮੇਂ 'ਚ ਸਾਂਝੇ ਪਰਿਵਾਰ ਦੀ ਥਾਂ ਇਕੱਲ ਪਰਿਵਾਰ /ਛੋਟੇ ਪਰਿਵਾਰ ਨੇ ਲੈ ਲਈ ਹੈ। ਇਸ ਦਾ ਪ੍ਰਭਾਵ ਸਾਕਾਦਾਰੀ ਪ੍ਰਬੰਧ ਉੱਤੇ ਵੇਖਣ ਨੂੰ ਵੀ ਮਿਲਿਆ ਹੈ। ਛੋਟਾ ਪਰਿਵਾਰ ਦੋ ਪੀੜ੍ਹੀਆਂ ਤੱਕ ਹੀ ਸੀਮਤ ਹੈ। ਜਿਸ ਵਿੱਚ ਮਾਤਾ-ਪਿਤਾ ਤੇ ਉਹਨਾਂ ਦੇ ਬੱਚੇ ਸ਼ਾਮਿਲ ਹਨ। ਮਹਿੰਗਾਈ ਵੱਧਣ ਕਰਕੇ ਤੇ ਬੱਚਿਆਂ ਨੂੰ ਪਾਲਣ ਵਿੱਚ ਆਉਣ ਵਾਲੀਆ ਰੁਕਾਵਟਾਂ ਕਰਕੇ ਜਿਆਦਾਤਰ ਪਰਿਵਾਰਾਂ ਵਿੱਚ ਇੱਕ ਜਾਂ ਦੋ ਬੱਚੇ ਹੀ ਹੁੰਦੇ ਹਨ। ਛੋਟੇ ਪਰਿਵਾਰ ਹੋਣ ਕਾਰਨ ਸਾਡੀ ਸਾਕਾਦਾਰੀ ਪ੍ਰਬੰਧ 'ਚ ਮਾਮੇ, ਮਾਮੀਆਂ, ਚਾਚੇ, ਭੂਆ ਆਦਿ ਰਿਸ਼ਤਿਆਂ ਦਾ ਸਰੂਪ ਅਲੋਪ ਹੁੰਦਾ ਜਾ ਰਿਹਾ ਹੈ। ਅੱਜ ਦੇ ਸਮੇਂ 'ਚ ਬੱਚਿਆਂ ਨੂੰ ਨਾ ਤਾਂ ਰਿਸ਼ਤਿਆਂ ਦੀ ਮਹੱਤਤਾ ਦਾ ਪਤਾ ਹੈ ਤੇ ਨਾ ਹੀ ਉਹ ਇਹਨਾਂ ਬਾਰੇ ਰੁਚੀ ਵੀ ਨਹੀਂ ਰੱਖਦੇ। ਜਿਸ ਕਰਕੇ ਰਿਸ਼ਤਿਆਂ ਵਿੱਚ ਜੋ ਮਿਠਾਸ, ਆਦਰ-ਸਤਿਕਾਰ ਦਾ ਭਾਵ ਪਹਿਲਾਂ ਸੀ। ਉਹ ਅੱਜ ਦੇ ਸਮੇਂ 'ਚ ਖਤਮ ਹੁੰਦਾ ਨਜ਼ਰ ਆ ਰਿਹਾ ਹੈ। ਸਾਕਾਦਾਰੀ ਪ੍ਰਬੰਧ ਦੀ ਤਸਵੀਰ ਦੇ ਬਦਲਣ ਪਿੱਛੇ ਕਈ ਕਾਰਨ ਕਾਰਜਸ਼ੀਲ ਹਨ ਜਿਵੇ :- ਪੈਸੇ ਦਾ ਪੁਜਾਰੀ ਮਨੁੱਖ ਸਵਾਰਥੀ ਹੋ ਗਿਆ ਹੈ। ਦੂਜਿਆਂ ਨਾਲ ਮੇਲ-ਜੋਲ ਨੂੰ ਉਹ ਪੈਸਿਆਂ ਤੇ ਵਕਤ ਦੀ ਬਰਬਾਦੀ ਸਮਝਦਾ ਹੈ।

ਅੱਜ ਦੇ ਸਮੇਂ 'ਚ ਮਨੁੱਖ ਉਹਨਾਂ ਰਿਸ਼ਤਿਆਂ ਨੂੰ ਹੀ ਨਿਭਾਉਂਦਾ ਹੈ ਜਿਹਨਾਂ ਤੋਂ ਉਸਨੂੰ ਕੁੱਝ ਲਾਭ ਪ੍ਰਾਪਤ ਕਰਨ ਦੀ ਆਸ ਹੋਵੇ। ਐਸ਼ੋ-ਆਰਾਮ ਦੇ ਸਾਧਨਾਂ ਦੇ ਵੱਧਣ ਨਾਲ ਹਰ ਕੋਈ ਇਹਨਾਂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ। ਇਸ ਲਈ ਪੈਸਿਆਂ ਦੀ ਪੂਰਤੀ ਲਈ ਉਸਨੇ ਕਈ ਕਾਰੋਬਾਰ ਸ਼ੁਰੂ ਕੀਤੇ ਹਨ। ਹਰ ਕੋਈ ਨੌਕਰੀ, ਬਿਜਨਸਮੈਨ ਜਾਂ ਵਪਾਰੀ ਹੈ। ਲੋਕਾਂ ਕੋਲ ਜਿਸ ਕਰਕੇ ਇੱਕ-ਦੂਜੇ ਨਾਲ ਮਿਲਣ ਤੱਕ ਦੀ ਵਿਹਲ ਨਹੀਂ ਹੁੰਦੀ। ਵਿਹਲ ਦੀ ਘਾਟ ਵੀ ਸਾਕਾਦਾਰੀ ਪ੍ਰਬੰਧ ਤੇ ਪ੍ਰਭਾਵ ਪਾ ਰਹੀ ਹੈ। ਸਾਕਾਦਾਰੀ ਪ੍ਰਬੰਧ ਦੇ ਵਿਘਟਨ ਦਾ ਇੱਕ ਮੁੱਖ ਕਾਰਨ ਪੱਛਮੀ-ਸਭਿਅਤਾ ਦਾ ਪ੍ਰਭਾਵ ਵੀ ਹੈ। ਪੱਛਮੀਕਰਨ ਕਰਕੇ ਲੋਕ ਆਤਮ-ਨਿਰਭਰ ਤੇ ਆਜ਼ਾਦੀ ਭਰਪੂਰ ਜੀਵਨ ਜਿਉਣਾ ਚਾਹੁੰਦੇ ਹਨ। ਇਸ ਕਰਕੇ ਸਾਂਝੇ ਪਰਿਵਾਰ ਟੁੱਟ ਰਹੇ ਹਨ ਤੇ ਰਿਸ਼ਤਿਆਂ 'ਚ ਪਹਿਲਾਂ ਵਾਲੀਆਂ ਭਾਵਨਾਵਾਂ ਖਤਮ ਹੋ ਰਹੀਆ ਹਨ। ਸਾਡੇ ਮਨੋਰੰਜਨ ਦੇ ਬਦਲ ਰਹੇ ਸਾਧਨਾਂ ਨੇ ਵੀ ਇਸ ਉੱਪਰ ਆਪਣਾ ਪ੍ਰਭਾਵ ਪਾਇਆ ਹੈ। ਪਹਿਲਾਂ ਲੋਕ ਸ਼ਾਮ ਨੂੰ ਆਪਣਾ ਕੰਮ-ਕਾਰ ਖਤਮ ਕਰਕੇ ਇਕੱਠੇ ਬੈਠਿਆ ਕਰਦੇ ਸਨ। ਪਰ ਜਦੋਂ ਦੇ ਮੋਬਾਇਲ ਫੋਨਾਂ ਦਾ ਪ੍ਰਚਲਨ ਵਧਿਆ ਹੈ। ਲੋਕ ਇਸ ਨਾਲ ਹੀ ਚਿਪਕੇ ਰਹਿੰਦੇ ਹਨ। ਲੋਕ ਆਪਣਾ ਸਾਰਾ ਸਮਾਂ ਮੋਬਾਇਲ ਫੋਨ ਤੇ ਹੀ ਬਤੀਤ ਕਰ ਦਿੰਦੇ ਹਨ। ਇਸੇ ਤਰ੍ਹਾਂ ਤਕਨੀਕੀ ਦੇ ਹੋਰ ਵੀ ਸਾਧਨ ਹਨ ਜਿਹਨਾਂ ਨੇ ਲੋਕਾਂ ਨੂੰ ਇੱਕ-ਦੂਜੇ ਤੋਂ ਦੂਰ ਕਰ ਦਿੱਤਾ ਹੈ। ਜਿਸ ਕਰਕੇ ਸਾਡਾ ਸਾਕਾਦਾਰੀ ਪ੍ਰਬੰਧ ਦਾ ਰੂਪ ਉਹ ਨਹੀਂ ਰਿਹਾ ਜੋ ਪਹਿਲਾਂ ਹੁੰਦਾ ਸੀ।

ਪਹਿਲਾਂ ਸਾਂਝੇ ਪਰਿਵਾਰ ਦੇ ਸਾਰੇ ਮੈਂਬਰ ਪਿਆਰ ਨਾਲ ਇੱਕ ਥਾਂ ਤੇ ਰਹਿੰਦੇ ਸਨ। ਤਾਇਆਂ, ਚਾਚਿਆਂ ਵਿੱਚ ਹਉਮੈ ਅਤੇ ਈਰਖਾ ਜਿਹੀ ਕੋਈ ਗੱਲ ਨਹੀਂ ਸੀ ਹੁੰਦੀ। ਇਹ ਨਿਸਵਾਰਥ ਭਾਵਨਾ ਨਾਲ ਇੱਕ-ਦੂਜੇ ਦੀ ਸਹਾਇਤ ਕਰਦੇ ਸਨ। ਇੱਕ-ਦੂਜੇ ਦੀਆਂ ਖੁਸ਼ੀਆਂ ਵਿੱਚ ਖੁਸ਼ ਹੁੰਦੇ ਸਨ। ਪਰ ਵਰਤਮਾਨ ਸਮੇਂ ਦੀ ਸਾਰੇ ਸਾਰ ਨੇ ਇਸ ਤਸਵੀਰ ਨੂੰ ਬਦਲ ਕੇ ਹੀ ਰੱਖ ਦਿੱਤਾ ਹੈ। ਇੱਕ ਤਾਂ ਲੋਕ ਹੁਣ ਸਾਂਝੇ ਪਰਿਵਾਰਾਂ 'ਚ ਰਹਿਣਾ ਪਸੰਦ ਨਹੀਂ ਕਰਦੇ। ਉਹਨਾਂ ਦਾ ਮੰਨਣਾ ਹੈ ਕਿ ਸਾਂਝੇ ਪਰਿਵਾਰਾਂ 'ਚ ਰਹਿਣ ਨਾਲ ਜਿੰਮੇਵਾਰੀਆਂ ਤੇ ਕੰਮਾਂ 'ਚ ਵਾਧਾ ਹੁੰਦਾ ਹੈ ਅਤੇ ਕਿਸੇ ਇੱਕ ਗੱਲ ਤੇ ਸਹਿਮਤ ਹੋਣਾ ਵੀ ਮੁਸ਼ਕਿਲ ਹੈ।

ਜਿਸ ਤਰ੍ਹਾਂ ਖੁੱਲ੍ਹ ਉਹ ਚਾਹੁੰਦਾ ਹੈ ਉਹ ਉਹਨਾਂ ਨੂੰ ਸਾਂਝੇ ਪਰਿਵਾਰ 'ਚ ਨਹੀਂ ਮਿਲਦੀ। ਇਸ ਕਰਕੇ ਉਹ ਉਹ ਛੋਟੇ ਪਰਿਵਾਰਾਂ ਨੂੰ ਤਰਜੀਹ ਦਿੰਦੇ ਹਨ। ਸਾਂਝੇ ਪਰਿਵਾਰਾਂ ਦੇ ਟੁੱਟਣ ਨਾਲ ਰਿਸ਼ਤਿਆਂ ਵਿੱਚ ਈਰਖਾ ਅਤੇ ਹਉਮੈਂ ਜਿਹੀਆਂ ਕੁਰੀਤੀਆਂ ਦਾ ਜਨਮ ਹੋਇਆ ਹੈ। ਚਾਚੇ,ਤਾਏ ਇੱਕ-ਦੂਜੇ ਦੀ ਤਰੱਕੀ ਹੁੰਦੀ ਦੇਖ ਕੇ ਖੁਸ਼ ਨਹੀਂ ਹੁੰਦੇ ਸਗੋਂ ਇੱਕ-ਦੂਜੇ ਤੋਂ ਅੱਗੋਂ ਨਿਕਲਣ ਦੀ ਹੋੜ੍ਹ 'ਚ ਲੱਗੇ ਹੋਏ ਹਨ। ਇਹ ਅੱਗੇ ਨਿੱਕਲਣ ਦੀ ਹੋੜ੍ਹ ਅਤੇ ਈਰਖਾ ਦੀ ਭਾਵਨਾ ਇੰਨੀ ਵੱਧ ਚੁੱਕੀ ਹੈ ਕਿ ਆਪਣੇ ਹੀ ਚਾਚੇ, ਤਾਏ ਤੇ ਸ਼ਰੀਕ-ਦੁਸ਼ਮਣਾਂ ਦਾ ਰੋਲ ਨਿਭਾ ਰਹੇ ਹਨ। ਹਾਲ ਇਹਨਾ ਮਾੜਾ ਹੋ ਚੁੱਕਾ ਹੈ ਕਿ ਹੁਣ ਸ਼ਰੀਕ ਸ਼ਬਦ ਦੀ ਵਰਤੋਂ ਦੁਸ਼ਮਣ ਸ਼ਬਦ ਦੇ ਪਰਾਇਵਾਚੀ ਵਜੋਂ ਕੀਤੀ ਜਾਂਦੀ ਹੈ। ਰਿਸ਼ਤਿਆਂ ਵਿੱਚ ਲਾਗਤਬਾਜ਼ੀ ਦੀ ਭਾਵਨਾ ਵੱਧ ਰਹੀ ਹੈ। ਦੂਜਿਆਂ ਦੇ ਕੰਮਾਂ 'ਚ ਦਖਲ ਦੇਣਾ ਤੇ ਇੱਕ ਗੱ ਦੀਆ ਚਾਰ ਬਣਾ ਕੇ ਦੱਸਣਾ ਅੱਜ ਕੱਲ੍ਹ ਦੇ ਲੋਕਾਂ ਦਾ ਸ਼ੁਗਲ ਬਣ ਗਿਆ ਹੈ। ਨਤੀਜੇ ਵਜੋਂ ਲਾਗਤਬਾਜ਼ੀ ਵਾਲਾ ਰਵੱਈਆ ਆਪਸ ਵਿੱਚ ਨਫ਼ਰਤ ਦਾ ਕਾਰਨ ਬਣ ਜਾਂਦਾ ਹੈ।

ਸਾਂਝੇ ਪਰਿਵਾਰ ਵਿੱਚ ਲੋਕ ਆਪਣੇ ਮਨ ਦੀ ਗੱਲ ਬਿਨਾਂ ਕਿਸੇ ਝਿਜਕ ਦੇ ਇੱਕ-ਦੂਜੇ ਨਾਲ ਸਾਂਝੀਆਂ ਕਰ ਲੈਂਦੇ ਸਨ। ਇਸ ਤਰ੍ਹਾਂ ਉਹਨਾਂ ਦੇ ਮਨ ਦਾ ਬੋਝ ਹਲਕਾ ਹੋ ਜਾਂਦਾ ਸੀ ਪਰ ਵਰਤਮਾਨ ਸਮੇਂ 'ਚ ਚਾਹੇ ਕੋਈ ਅੰਦਰੋਂ ਕਿੰਨਾ ਵੀ ਦੁਖੀ ਕਿਉਂ ਨਾ ਹੋਵੇ ਜਾ ਉਹ ਕਿਸੇ ਮੁਸੀਬਤ 'ਚ ਫਸਿਆ ਹੋਵੇ ਪਰ ਉਹ ਆਪਣੇ ਮਨ ਦੀਆਂ ਭਾਵਨਾਵਾਂ ਦੂਜਿਆਂ ਦੇ ਸਾਹਮਣੇ ਪੇਸ਼ ਕਰਨ ਤੋਂ ਕਤਰਾਉਂਦਾ ਹੈ। ਜਿਸ ਕਰਕੇ ਲੋਕ ਮਾਨਸਿਕ ਤਨਾਵ ਦਾ ਸ਼ਿਕਾਰ ਹੁੰਦੇ ਜਾ ਰਹੇ ਹਨ। ਮਾਨਸਿਕ ਤਨਾਵ ਕਰਕੇ ਲੋਕਾਂ ਵਿੱਚ ਖੁਦਖੁਸ਼ੀ ਕਰਨ ਦੀ ਸੰਧਿਆ ਵੱਧਦੀ ਜਾ ਰਹੀ ਹੈ।

ਜਮੀਨਾਂ ਦੇ ਝਗੜੇ ਤੇ ਆਪਸ ਦੇ ਘਰੇਲੂ ਮਸਲਿਆਂ ਕਰਕੇ ਵੀ ਰਿਸ਼ਤਿਆਂ ਵਿੱਚ ਪਹਿਲਾਂ ਵਰਗੀ ਗੱਲ ਨਹੀਂ ਰਹੀ। ਜ਼ਮੀਨਾਂ ਪਿੱਛੇ ਭੈਣ- ਭਰਾ ਇੱਕ-ਦੂਜੇ ਦੇ ਖੂਨ ਦੇ ਪਿਆਸੇ ਬਣੇ ਬੈਠੇ ਹਨ। ਪੈਸਾ ਹੀ ਲੋਕਾਂ ਲਈ ਸਭ ਕੁਝ ਬਣ ਗਿਆ ਹੈ। ਲੋਕਾਂ ਵਿੱਚ ਪਹਿਲਾਂ ਵਰਗੀ ਸਹਿਣਸ਼ਕਤੀ ਵੀ ਨਹੀਂ ਰਹੀ। ਜੇ

ਕਿਸੇ ਨੇ ਕੋਈ ਇੱਕ ਗੱਲ ਕਹੀ ਤਾਂ ਅਗਲਾ ਉਸ ਦੀਆਂ ਚਾਰ ਸੁਣਾਉਂਦਾ ਹੈ। ਨਿੱਕੇ –ਵੱਡੇ ਦਾ ਕੋਈ ਲਿਹਾਜ਼ ਨਹੀਂ ਰਿਹਾ। ਲੋਕਾਂ 'ਚ ਨੈਤਿਕ ਕਦਰਾਂ-ਕੀਮਤਾਂ ਖਤਮ ਹੋ ਰਹੀਆ ਹਨ। ਹਮਦਰਦੀ ਦੀ ਭਾਵਨਾ ਵੀ ਲੋਕਾਂ 'ਚ ਨਹੀਂ ਰਹੀ। ਕਿਸੇ ਨੂੰ ਦੁੱਖ ਤਕਲੀਫ 'ਚ ਦੇਖ ਕੇ ਸ਼ਰੀਕ ਦੁਖੀ ਹੋਣ ਦੀ ਬਜਾਏ ਖੁਸ਼ ਹੀ ਹੁੰਦੇ ਹਨ।

*ਨੌਜਵਾਨ ਪੀੜ੍ਹੀ ਦਾ ਵਿਦੇਸ਼ਾਂ ਵੱਲ ਵੱਧ ਰਿਹਾ ਰੁਝਾਨ ਵੀ ਸਾਕਾਦਾਰੀ ਪ੍ਰਬੰਧ ਤੇ ਪ੍ਰਭਾਵ ਪਾਉਂਦਾ ਹੈ। ਇੱਕ ਤਾਂ ਪਹਿਲਾਂ ਹੀ ਛੋਟਾ ਪਰਿਵਾਰ ਹੁੰਦਾ ਹੈ। ਜਿਸ ਵਿੱਚੋਂ ਬੱਚਾ ਵੀ ਆਪਣੇ ਮਾਂ-ਪਿਉ ਨੂੰ ਛੱਡਕੇ ਵਿਦੇਸ਼ ਚਲਾ ਜਾਂਦਾ ਹੈ। ਉਹ ਆਪਣੇ ਜੀਵਨ 'ਚ ਇਹਨਾਂ ਵਿਅਸਤ ਹੋ ਜਾਂਦਾ ਹੈ ਕਿ ਉਸ ਕੋਲ ਘਰ ਵਾਪਿਸ ਆਉਣ ਦਾ, ਵਿਆਹ ਜਾਂ ਤਿਉਹਾਰਾਂ ਦੇ ਮੌਕੇ ਤੇ ਇਕੱਠਾ ਹੋਣ ਦਾ ਮੌਕਾ ਨਹੀਂ ਮਿਲਦਾ। ਜਿਸ ਕਰਕੇ ਉਹ ਆਪਣੇ ਪਰਿਵਾਰ ਤੋਂ, ਸ਼ਰੀਕੇ ਤੋਂ ਟੁੱਟ ਜਾਂਦਾ ਹੈ। ਨੌਜਵਾਨ ਪੀੜ੍ਹੀ ਦਾ ਪੱਛਮੀ ਸਭਿਅਤਾ ਦੇ ਪ੍ਰਵਾਨ ਅਧੀਨ ਹੁਣ ਚਾਚੇ,ਤਾਏ,ਮਾਮੇ, ਫੁੱਫੜ ਲਈ ਇੱਕੋ ਹੀ ਸ਼ਬਦ "ਅੰਕਲ" ਦੀ ਵਰਤੋਂ ਕਰਦੇ ਹਨ ਤੇ ਚਾਚੀ,ਤਾਈ,ਮਾਸੀ,ਮਾਮੀ ਲਈ 'ਆਂਟੀ' ਦੀ ਵਰਤੋ ਕਰਦੇ ਹਨ। ਇਹਨਾਂ ਨਵੇਂ ਰਿਸ਼ਤਿਆਂ ਵਿੱਚ ਨਾ ਸਾਂਝ ਹੈ ਨਾ ਹੀ ਵਿਰੋਧ, ਸਗੋਂ ਅਜਿਹੀ ਸਥਿਤੀ ਪੈਦਾ ਹੋਣ ਤੋਂ ਪਹਿਲਾਂ ਹੀ ਇਹ ਤਿੜਕ ਜਾਂਦੇ ਹਨ।*[3]

ਸਾਕਾਦਾਰੀ ਪ੍ਰਬੰਧ 'ਚ ਆਇਆ ਇਹ ਬਦਲਾਵ ਸਾਡੇ ਸਮਾਜ ਤੇ ਸਭਿਆਚਾਰ ਲਈ ਨੁਕਸਾਨਦਾਇਕ ਹੈ। ਸ਼ਰੀਕ ਜਿਸ ਤਰ੍ਹਾਂ ਦਾ ਵਿਵਹਾਰ ਆਪਸ 'ਚ ਕਰ ਰਹੇ ਹਨ। ਉਹਨਾਂ ਦਾ ਪ੍ਰਭਾਵ ਬੱਚਿਆਂ ਉੱਪਰ ਵੀ ਪ੍ਰਤੱਖ ਦਿਖਾਈ ਦੇ ਰਿਹਾ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸ਼ਰੀਕ ਵਿੱਚ ਪਹਿਲਾਂ ਵਰਗੀ ਮਿਲਵਰਤਨ,ਹਮਦਰਦੀ,ਪ੍ਰੇਮ-ਭਾਵ ਰਹੇ ਤਾਂ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਲਈ ਕੋਈ ਹੀਲਾ ਕਰਨ ਦੀ ਸਖਤ ਜ਼ਰੂਰਤ ਹੈ। ਸਭ ਤੋਂ ਪਹਿਲਾਂ ਸਾਨੂੰ ਆਪਣੇ ਤੇ ਆਪਣੇ ਬੱਚਿਆਂ ਵਿੱਚ ਹਮਦਰਦੀ, ਪ੍ਰੇਮ-ਭਾਵਨਾ, ਸਹਿਣਸ਼ੀਲਤਾ ਦੇ ਭਾਵਾਂ ਦਾ ਵਿਕਾਸ ਕਰਨਾ ਚਾਹੀਦਾ ਹੈ। ਉਹਨਾਂ ਅੰਦਰ ਨੈਤਿਕ ਕਦਰਾਂ-ਕੀਮਤਾਂ,ਵੱਡਿਆਂ ਦਾ ਸਤਿਕਾਰ ਕਰਨ ਦੀ ਭਾਵਨਾ ਵਿਕਸਿਤ ਕਰਨੀ ਚਾਹੀਦੀ ਹੈ ਤੇ ਰਿਸ਼ਤਿਆਂ ਪ੍ਰਤੀ ਸਮਝ ਵੀ ਸਥਾਪਿਤ ਕਰਨੀ ਚਾਹੀਦੀ ਹੈ। ਨੌਜਵਾਨ ਪੀੜ੍ਹੀ 'ਚ ਇਹਨਾਂ ਗੁਣਾ ਦਾ ਹੋਣਾ ਲਾਜ਼ਮੀ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਆਸੀਂ ਰਿਸ਼ਤਿਆਂ 'ਚ ਆ ਰਹੇ ਇਹਨਾਂ ਬਦਲਾਵਾਂ ਨੂੰ ਕੁੱਝ ਹੱਦ ਤੱਕ ਰੋਕ ਸਕਦੇ ਹਾਂ।

## ***ਹਵਾਲੇ ਅਤੇ ਟਿੱਪਣੀਆਂ***


1. *ਜੀਤ ਸਿੰਘ ਜੋਸ਼ੀ,ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ-ਸ਼ਾਪ ਲੁਧਿਆਣਾ, 2004 ਪੰਨਾ -258*
2. *ਜੋਗਿੰਦਰ ਸਿੰਘ ਬੇਦੀ,ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਨਵੀਂ ਦਿੱਲੀ,1973 ਪੰਨਾ - 64*
3. *ਜੀਤ ਸਿੰਘ ਜੋਸ਼ੀ, ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ ਲਾਹੌਰ ਬੁੱਕ ਸ਼ਾਪ,ਲੁਧਿਆਣਾ 2004 ਪੰਨਾ -268*